20062026-Mai-05_Layout 1 6/19/2026 11:22 PM Page 1

ਰਵਾਇਤੀ ਜੰਗ ਤੇ ਸਾਧਨ ਅੱਜ ਵੀ ਅਹਿਮ: ਰਾਜਨਾਥ

ਰੱਖਿਆ ਮੰਤਰੀ ਨੇ ਨਾਗਪੁਰ ਵਿੱਚ ਐਲੂਮੀਨੀਅਮ ਐਕਸਟਰੂਜ਼ਨ ਪ੍ਰੈੱਸ ਦਾ ਨੀਂਹ ਪੱਥਰ ਰੱਖਿਆ

ਰੱਖਿਆ ਉਤਪਾਦਨ 1,78,000 ਕਰੋੜ ਰੁਪਏ ਤੋਂ ਪਾਰ ਹੋਇਆ

ਨਾਗਪੁਰ, 19 ਜੂਨ

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਰਵਾਇਤੀ ਜੰਗ ਅਤੇ ਇਸ ਦੇ ਸਾਧਨ ਅੱਜ ਵੀ ਓਨੇ ਹੀ ਪ੍ਰਸੰਗਿਕ ਹਨ ਜਿੰਨੇ 1947 ਵਿੱਚ ਸਨ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜੋ ਦੇਸ਼ ਆਪਣੀਆਂ ਲੋੜਾਂ ਖ਼ੁਦ ਪੂਰੀਆਂ ਕਰਦਾ ਹੈ, ਉਹ ਪੂਰੇ ਆਤਮ-ਵਿਸ਼ਵਾਸ ਨਾਲ ਅੱਗੇ ਵਧ ਸਕਦਾ ਹੈ। ਉਹ ਨਾਗਪੁਰ ਦੇ ਅੰਬਾਝਰੀ ਵਿੱਚ ਸਰਕਾਰੀ ਖੇਤਰ ਦੀ ਕੰਪਨੀ 'ਯੰਤਰ ਇੰਡੀਆ ਲਿਮਟਿਡ' ਵਿੱਚ 10,000 ਟਨ ਦੀ ਐਲੂਮੀਨੀਅਮ ਐਕਸਟਰੂਜ਼ਨ ਪ੍ਰੈੱਸ ਦਾ ਨੀਂਹ ਪੱਥਰ ਰੱਖਣ ਸਬੰਧੀ ਕਰਵਾਏ ਸਮਾਗਮ ਮੌਕੇ ਸੰਬੋਧਨ ਕਰ ਰਹੇ ਸਨ। ਇਸ ਨਵੀਂ ਪ੍ਰੈੱਸ ਦੇ ਲੱਗਣ ਨਾਲ ਰੱਖਿਆ ਖੇਤਰ ਵਿੱਚ ਅਹਿਮ ਐਲੂਮੀਨੀਅਮ ਪੁਰਜ਼ਿਆਂ ਦੀ ਦਰਾਮਦ 'ਤੇ ਨਿਰਭਰਤਾ ਕਾਫ਼ੀ ਘਟ ਜਾਵੇਗੀ।

ਨਾਗਪੁਰ ਵਿੱਚ ਐਲੂਮੀਨੀਅਮ ਐਕਸਟਰੂਜ਼ਨ ਪ੍ਰੈੱਸ ਦੇ ਭੂਮੀ ਪੂਜਨ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ। -ਫੋਟੋ: ਪੀਟੀਆਈ

ਰੱਖਿਆ ਮੰਤਰੀ ਨੇ ਕਿਹਾ ਕਿ ਜੰਗ ਛਿੜਨ ਦੀ ਸੂਰਤ ਵਿੱਚ ਅਕਸਰ ਸਪਲਾਈ ਚੇਨ ਪ੍ਰਭਾਵਿਤ ਹੋ ਜਾਂਦੀ ਹੈ, ਜਿਸ ਕਾਰਨ ਹਰ ਦੇਸ਼ ਚਾਹੁੰਦਾ ਹੈ ਕਿ ਸਾਰੀਆਂ ਜ਼ਰੂਰੀ ਚੀਜ਼ਾਂ ਦੀ ਪੈਦਾਵਾਰ ਦੇਸ਼ ਦੇ ਅੰਦਰ ਹੀ ਹੋਵੇ। ਉਨ੍ਹਾਂ ਕਿਹਾ ਕਿ ਰਵਾਇਤੀ ਯੁੱਧ ਪ੍ਰਣਾਲੀ ਸਾਲ 2047 ਵਿੱਚ ਵੀ ਉਨੀ ਹੀ ਅਹਿਮ ਰਹੇਗੀ, ਇਸੇ ਲਈ ਭਵਿੱਖ ਵਿੱਚ ਵੀ ਫ਼ੌਜੀ ਸਨਅਤੀ ਅੱਡੇ ਕਾਫ਼ੀ ਅਹਿਮ ਬਣੇ ਰਹਿਣਗੇ।

ਆਪਣੇ ਸੰਬੋਧਨ ਦੌਰਾਨ ਉਨ੍ਹਾਂ ਦੇਸ਼ ਦੇ ਰੱਖਿਆ ਖੇਤਰ ਦੇ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ ਭਾਰਤ ਦਾ ਰੱਖਿਆ ਉਤਪਾਦਨ, ਜੋ ਸਾਲ 2014 ਵਿੱਚ ਮਹਿਜ਼ 46,000 ਕਰੋੜ ਰੁਪਏ ਸੀ, ਹੁਣ ਸਾਲ 2025-26 ਵਿੱਚ ਰਿਕਾਰਡ ਤੇਜ਼ੀ ਨਾਲ ਵਧ ਕੇ 1,78,000 ਕਰੋੜ ਰੁਪਏ ਤੋਂ ਪਾਰ ਹੋ ਗਿਆ ਹੈ। ਇਸ ਦੇ ਨਾਲ ਹੀ ਦੇਸ਼ ਦੀ ਰੱਖਿਆ ਬਰਾਮਦ ਵੀ 2014 ਦੇ 1,000 ਕਰੋੜ ਰੁਪਏ ਦੇ ਮੁਕਾਬਲੇ ਹੁਣ 40,000 ਕਰੋੜ ਰੁਪਏ ਤੱਕ ਪਹੁੰਚ ਚੁੱਕੀ ਹੈ। **-ਪੀਟੀਆਈ**

ਡੇਰੇ ਦਾ ਸੇਵਾਦਾਰ ਜਬਰ-ਜਨਾਹ ਮਾਮਲੇ ਵਿੱਚ ਗ੍ਰਿਫ਼ਤਾਰ

ਹਰਿੰਦਰ ਮਹਿਤਾ

ਜਲੰਧਰ, 19 ਜੂਨ

ਉੜੀਸਾ ਪੁਲੀਸ ਨੇ ਵਿਆਹ ਦਾ ਝਾਂਸਾ ਦੇ ਕੇ ਕਥਿਤ ਤੌਰ 'ਤੇ ਜਬਰ-ਜਨਾਹ ਕਰਨ ਦੇ ਦੋਸ਼ ਹੇਠ ਥਾਣਾ ਆਦਮਪੁਰ ਅਧੀਨ ਆਉਂਦੇ ਡੇਰੇ ਦੇ ਸੇਵਾਦਾਰ ਨੂੰ ਗ੍ਰਿਫ਼ਤਾਰ ਕੀਤਾ ਹੈ। ਆਦਮਪੁਰ ਦੇ ਥਾਣਾ ਮੁਖੀ ਪੰਕਜ ਕੁਮਾਰ ਸ਼ਰਮਾ ਨੇ ਦੱਸਿਆ ਕਿ ਕਲਕੱਤਾ ਵਾਸੀ ਲੜਕੀ ਨੇ 23 ਅਪਰੈਲ ਨੂੰ ਸੇਵਾਦਾਰ ਅੰਮ੍ਰਿਤਪਾਲ ਸਿੰਘ ਖਿਲਾਫ਼ ਸ਼ਿਕਾਇਤ ਦਰਜ ਕਰਵਾਈ ਸੀ। ਪੀੜਤਾ ਮੁਤਾਬਕ ਉਹ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਕਈ ਵਾਰ ਜਬਰ-ਜਨਾਹ ਕਰਦਾ ਰਿਹਾ ਤੇ ਮਗਰੋਂ ਮੁੱਕਰ ਗਿਆ। ਉੜੀਸਾ ਪੁਲੀਸ ਦੀ ਸਬ ਇੰਸਪੈਕਟਰ ਸਮ੍ਰਿਤੀ ਪ੍ਰਗਿਆਨ ਦੀ ਅਗਵਾਈ ਹੇਠ ਆਈ ਟੀਮ ਨੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਸਥਾਨਕ ਅਦਾਲਤ 'ਚ ਪੇਸ਼ ਕਰ ਕੇ ਟਰਾਂਜ਼ਿਟ ਰਿਮਾਂਡ ਹਾਸਲ ਕੀਤਾ ਜਾਵੇਗਾ।

ਰਾਹੁਲ ਗਾਂਧੀ 56 ਸਾਲਾਂ ਦੇ ਹੋਏ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੱਤੀ ਵਧਾਈ

ਨਵੀਂ ਦਿੱਲੀ, 19 ਜੂਨ

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅੱਜ 56 ਸਾਲ ਦੇ ਹੋ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ 'ਇੰਡੀਆ' ਗੱਠਜੋੜ ਦੇ ਕਈ ਆਗੂਆਂ ਨੇ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ। ਇੰਡੀਅਨ ਯੂਥ ਕਾਂਗਰਸ ਨੇ ਰਾਹੁਲ ਦੇ ਜਨਮ ਦਿਨ ਮੌਕੇ ਤਾਲਕਟੋਰਾ ਸਟੇਡੀਅਮ ਵਿੱਚ ਨੌਕਰੀ ਮੇਲਾ ਲਾਇਆ, ਜਿਸ ਵਿੱਚ 7000 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦੇਣ ਦਾ ਦਾਅਵਾ ਕੀਤਾ ਗਿਆ। ਦੂਜੇ ਪਾਸੇ, ਭਾਜਪਾ ਨੇ ਰਾਹੁਲ ਨੂੰ ਭਵਿੱਖ ਦਾ ਪ੍ਰਧਾਨ ਮੰਤਰੀ ਦੱਸਣ 'ਤੇ ਤਨਜ਼ ਕੱਸਦਿਆਂ ਕਿਹਾ ਕਿ ਗਾਂਧੀ ਪਰਿਵਾਰ ਤੋਂ ਪ੍ਰਧਾਨ ਮੰਤਰੀ ਬਣਨਾ ਹੁਣ ਬੀਤੇ ਸਮੇਂ ਦੀ ਗੱਲ ਹੋ ਚੁੱਕੀ ਹੈ। ਕਾਂਗਰਸ ਵੱਲੋਂ ਰਾਹੁਲ ਨੂੰ ਭਗਵਾਨ ਪਰਸੂ ਰਾਮ ਵਜੋਂ ਦਿਖਾਉਣ 'ਤੇ ਭਾਜਪਾ ਨੇ ਹਿੰਦੂ ਆਸਥਾ ਦੇ ਅਪਮਾਨ ਦਾ ਦੋਸ਼ ਲਾਇਆ। ਉਧਰ, ਭਾਜਪਾ ਦੀ ਆਲੋਚਨਾ ਦਾ ਜਵਾਬ ਦਿੰਦਿਆਂ ਕਾਂਗਰਸ ਨੇ ਪੁੱਛਿਆ ਕਿ ਕੀ ਉਸ ਕੋਲ ਭਗਵਾਨ ਪਰਸੂ ਰਾਮ ਦਾ ਪੇਟੈਂਟ ਹੈ? ਉਨ੍ਹਾਂ 'ਨਾਥੂਰਾਮ ਦੇ ਪੈਰੋਕਾਰਾਂ' ਨੂੰ ਪਹਿਲਾਂ ਰਾਮ ਮੰਦਰ ਦੇ ਚੰਦੇ ਵਿੱਚ ਹੋਈ 'ਚੋਰੀ' ਦਾ ਜਵਾਬ ਦੇਣ ਲਈ ਕਿਹਾ। **-ਪੀਟੀਆਈ**

ਪ੍ਰਿਯੰਕਾ ਗਾਂਧੀ ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨਾਲ ਕੇਕ ਕੱਟਦੇ ਹੋਏ ਰਾਹੁਲ ਗਾਂਧੀ। -ਫੋਟੋ: ਪੀਟੀਆਈ

ਪਹਿਲੇ ਸਫ਼ੇ ਤੋਂ

ਟੈਲੀਗ੍ਰਾਮ ਐਪ

ਕਰਦੇ ਹੋਏ ਕਿਹਾ, "ਟੈਲੀਗ੍ਰਾਮ ਤੱਕ ਲੋਕਾਂ ਦੀ ਪਹੁੰਚ ਨੂੰ ਆਰਜ਼ੀ ਤੌਰ 'ਤੇ ਰੋਕਣ ਦੇ ਪ੍ਰਤੀਵਾਦੀ ਨੰ. 1 ਦੀ ਪੇਸ਼ਕਦਮੀ ਨੂੰ ਲੋੜੋਂ ਵੱਧ ਨਹੀਂ ਮੰਨਿਆ ਜਾ ਸਕਦਾ।" ਬੈਂਚ ਨੇ ਆਈ ਟੀ ਐਕਟ ਦੀ ਧਾਰਾ 69ੲੇ ਦਾ ਹਵਾਲਾ ਦਿੱਤਾ ਤੇ ਕਿਹਾ ਕਿ ਸਰਕਾਰ ਨੂੰ ਕਿਸੇ ਵੀ ਔਨਲਾਈਨ ਜਾਣਕਾਰੀ ਤੱਕ ਲੋਕਾਂ ਦੀ ਰਸਾਈ ਰੋਕਣ ਦਾ ਅਖ਼ਤਿਆਰ ਹੈ। ਇਸ ਦੌਰਾਨ ਕੌਮੀ ਟੈਸਟਿੰਗ ਏਜੰਸੀ (ਐੱਨ ਟੀ ਏ) ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਸ ਨੇ 21 ਜੂਨ ਨੂੰ ਲਈ ਜਾਣ ਵਾਲੀ ਨੀਟ-ਯੂ ਜੀ ਪ੍ਰੀਖਿਆ ਦੇ ਐਡਮਿਟ ਕਾਰਡ ਡਾਊਨਲੋਡ ਕਰਨ ਲਈ ਸਬੰਧਤ ਉਮੀਦਵਾਰਾਂ ਨੂੰ ਐੱਸ ਐੱਮ ਐੱਸ ਮੈਸੇਜ, ਈਮੇਲ ਤੇ ਵੱਟਸਐਪ ਨੋਟੀਫਿਕੇਸ਼ਨਾਂ ਜ਼ਰੀਏ ਰਿਮਾਈਂਡਰ ਭੇਜੇ ਗਏ ਹਨ। ਉੱਝ ਏਜੰਸੀ ਨੇ ਵਿਦਿਆਰਥੀਆਂ ਨੂੰ ਧੋਖਾਧੜੀ ਵਾਲੇ ਤੇ ਫ਼ਰਜ਼ੀ ਸੁਨੇਹਿਆਂ ਤੋਂ ਚੌਕਸ ਰਹਿਣ ਲਈ ਕਿਹਾ ਹੈ। ਏਜੰਸੀ ਨੇ ਕਿਹਾ ਕਿ ਅਧਿਕਾਰਤ ਐੱਸ ਐੱਮ ਐੱਸ ਸੁਨੇਹੇ ਆਈ ਡੀ NICPEP ਤੋਂ ਭੇਜੇ ਜਾਣਗੇ, ਅਤੇ ਈਮੇਲਾਂ no-reply.neet.nta@nic.in ਤੋਂ ਆਉਣਗੀਆਂ। ਏਜੰਸੀ ਨੇ ਕਿਹਾ ਕਿ 3 ਮਈ ਦੀ ਪ੍ਰੀਖਿਆ ਲਈ ਜਾਰੀ ਐਡਮਿਟ ਕਾਰਡ ਵਾਜਬ ਨਹੀਂ ਹੋਣਗੇ, ਕਿਉਂਕਿ ਕਈ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਤਰਜੀਹੀ ਸ਼ਹਿਰ ਵਜੋਂ ਨਵੇਂ ਪ੍ਰੀਖਿਆ ਸੈਂਟਰ ਅਸਾਈਨ ਕੀਤੇ ਗਏ ਹਨ। ਉਮੀਦਵਾਰਾਂ ਨੂੰ ਅਧਿਕਾਰਤ ਵੈੱਬਸਾਈਟ ਤੋਂ ਹੀ ਦਾਖ਼ਲਾ ਕਾਰਡ ਡਾਊਨਲੋਡ ਕਰਨ ਦੀ ਸਲਾਹ ਦਿੱਤੀ ਗਈ ਹੈ। ਉੱਧਰ, ਨੈਸ਼ਨਲ ਮੈਡੀਕਲ ਕਮਿਸ਼ਨ (ਐੱਨ ਐੱਮ ਸੀ) ਨੇ ਆਪਣੇ ਅਧਿਕਾਰ ਖੇਤਰ ਅਧੀਨ ਆਉਂਦੇ ਸਾਰੇ ਮੈਡੀਕਲ ਕਾਲਜਾਂ ਤੇ ਸੰਸਥਾਵਾਂ ਨੂੰ ਹਦਾਇਤ ਕੀਤੀ ਹੈ ਕਿ ਐਤਵਾਰ ਲਈ ਤਜਵੀਜ਼ਤ ਨੀਟ-ਯੂ ਜੀ ਪ੍ਰੀਖਿਆ ਦੌਰਾਨ ਨਿਰਪੱਖਤਾ ਯਕੀਨੀ ਬਣਾਉਣ ਲਈ ਉਹ ਅਸਾਧਾਰਨ ਹਾਲਾਤ ਨੂੰ ਛੱਡ ਕੇ ਵਿਦਿਆਰਥੀਆਂ ਨੂੰ 20 ਤੇ 21 ਜੂਨ ਦੀ ਛੁੱਟੀ ਨਾ ਦੇਣ। ਕਮਿਸ਼ਨ ਨੇ ਵੀਰਵਾਰ ਨੂੰ ਜਾਰੀ ਨੋਟਿਸ ਵਿੱਚ ਕਿਹਾ ਕਿ ਇਹ ਹੁਕਮ ਕੁਝ ਮਾਮਲਿਆਂ ਦੇ ਪਿਛੋਕੜ ਵਿੱਚ ਦਿੱਤੇ ਗਏ ਹਨ, ਜਿੱਥੇ ਮੈਡੀਕਲ ਕਾਲਜਾਂ ਦੇ ਵਿਦਿਆਰਥੀਆਂ ਨੂੰ ਅਜਿਹੀਆਂ ਸਰਗਰਮੀਆਂ ਵਿੱਚ ਸ਼ਾਮਲ ਪਾਇਆ ਗਿਆ ਸੀ, ਜੋ ਪ੍ਰੀਖਿਆ ਦੇ ਅਮਲ ਦੀ ਪਵਿੱਤਰਤਾ ਅਤੇ ਅਖੰਡਤਾ ਨਾਲ ਸਮਝੌਤਾ ਕਰ ਸਕਦੀਆਂ ਸਨ। ਕਮਿਸ਼ਨ ਨੇ ਸਾਰੇ ਮੈਡੀਕਲ ਕਾਲਜਾਂ ਨੂੰ ਚੌਕਸ ਰਹਿਣ ਤੇ ਵਿਦਿਆਰਥੀਆਂ ਨੂੰ ਅਜਿਹੀ ਕਿਸੇ ਵੀ ਸਰਗਰਮੀ ਵਿੱਚ ਸ਼ਮੂਲੀਅਤ ਵਿਰੁੱਧ ਜਾਗਰੂਕ ਰਹਿਣ ਲਈ ਕਿਹਾ ਹੈ। ਇਹ ਹਦਾਇਤਾਂ ਸਿੱਖਿਆ ਮੰਤਰਾਲੇ ਅਧੀਨ ਉੱਚ ਸਿੱਖਿਆ ਵਿਭਾਗ ਤੋਂ ਮੈਡੀਕਲ ਦਾਖ਼ਲਾ ਪ੍ਰੀਖਿਆ ਕਰਵਾਉਣ ਬਾਰੇ ਮਿਲੇ ਨਿਰਦੇਸ਼ਾਂ ਦੀ ਪਾਲਣਾ ਵਿੱਚ ਜਾਰੀ ਕੀਤੀਆਂ ਗਈਆਂ ਹਨ। ਇਸ ਦੌਰਾਨ ਛੱਤੀਸਗੜ੍ਹ ਹਾਈ ਕੋਰਟ ਨੇ ਖ਼ੁਦਕੁਸ਼ੀ ਲਈ ਮਜਬੂਰ ਕੀਤੇ ਜਾਣ ਦੇ ਦੋਸ਼ ਤਹਿਤ ਜੇਲ੍ਹ ਵਿੱਚ ਬੰਦ 21 ਸਾਲਾ ਨੌਜਵਾਨ ਨੂੰ ਐਤਵਾਰ ਨੂੰ ਹੋਣ ਵਾਲੀ ਨੀਟ ਯੂ ਜੀ ਪ੍ਰੀਖਿਆ ਵਿੱਚ ਪੁਲੀਸ ਪਹਿਰੇ ਹੇਠ ਬੈਠਣ ਦੀ ਇਜਾਜ਼ਤ ਦਿੱਤੀ ਹੈ। ਕੋਰਟ ਨੇ ਜੇਲ੍ਹ ਅਥਾਰਿਟੀਜ਼ ਨੂੰ ਸਬੰਧਤ ਪ੍ਰੀਖਿਆਰਥੀ ਨੂੰ ਅਧਿਐਨ ਸਮੱਗਰੀ ਮੁਹੱਈਆ ਕਰਵਾਉਣ ਲਈ ਕਿਹਾ ਹੈ। ਉਧਰ ਮੁੰਬਈ ਵਿੱਚ ਪੋਕਸੋ ਕੋਰਟ ਨੇ ਜਬਰ ਜਨਾਹ ਦੇ ਦੋਸ਼ਾਂ ਤਹਿਤ ਤਾਲੋਜਾ ਕੇਂਦਰੀ ਜੇਲ੍ਹ ਵਿੱਚ ਬੰਦ 18 ਸਾਲਾ ਨੌਜਵਾਨ ਨੂੰ ਨੀਟ ਪ੍ਰੀਖਿਆ ਦੇਣ ਲਈ ਚਾਰ ਦਿਨਾਂ ਦੀ ਆਰਜ਼ੀ ਜ਼ਮਾਨਤ ਦਿੱਤੀ ਹੈ। **-ਪੀਟੀਆਈ**

ਕਾਂਗਰਸ ਵੱਲੋਂ ਮੋਦੀ ਨੂੰ ਖਾਮੋਸ਼ੀ ਤੋੜਨ ਦੀ ਅਪੀਲ

ਕਾਂਗਰਸ ਨੇ ਨੀਟ-ਯੂ ਜੀ ਤੇ ਹੋਰਨਾਂ ਪ੍ਰੀਖਿਆਵਾਂ ਦੇ ਪੇਪਰ ਲੀਕ ਲਈ ਕੇਂਦਰ ਦੀ ਭਾਜਪਾ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮੁੱਦੇ 'ਤੇ ਆਪਣੀ ਖ਼ਾਮੋਸ਼ੀ ਤੋੜਨ, ਸਿਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਬਰਖ਼ਾਸਤ ਕਰਨ ਤੇ ਕੌਮੀ ਟੈਸਟਿੰਗ ਏਜੰਸੀ ਨੂੰ ਲਾਂਭੇ ਕਰਨ। ਕਾਂਗਰਸ ਐੱਨ ਐੱਸ ਯੂ ਆਈ ਦੇ ਇੰਚਾਰਜ ਕਨ੍ਹੱਈਆ ਕੁਮਾਰ ਨੇ ਕਿਹਾ ਕਿ ਸਿਖਿਆ ਪ੍ਰਬੰਧ ਵਿੱਚ ਲੋਕਾਂ ਦਾ ਭਰੋਸਾ ਖ਼ੁਰਦਾ ਜਾ ਰਿਹਾ ਹੈ ਅਤੇ ਸਰਕਾਰ ਟੈਲੀਗ੍ਰਾਮ ਮੈਸੇਜਿੰਗ ਐਪ ਉੱਤੇ ਪਾਬੰਦੀ ਜਿਹੇ ਉਪਰਾਲਿਆਂ ਨਾਲ ਪਰਦਾਪੋਸ਼ੀ 'ਚ ਲੱਗੀ ਹੈ। ਕੁਮਾਰ ਨੇ ਕਿਹਾ ਕਿ ਰਾਹੁਲ ਗਾਂਧੀ ਵਿਦਿਆਰਥੀਆਂ ਨਾਲ ਖੜ੍ਹੇ ਹਨ ਤੇ ਉਹ (ਵਿਦਿਆਰਥੀ) ਖ਼ੁਦ ਨੂੰ ਸਜ਼ਾਵਾਂ ਨਾ ਦੇਣ ਕਿਉਂਕਿ ਉਹ ਅਸਫਲ ਨਹੀਂ ਹੋਏ।

ਅਭਿਸ਼ੇਕ

ਦਾਅਵਾ ਕੀਤਾ ਹੈ; ਕਿਸੇ ਨੇ ਵੀ ਇਸ ਪਾਰਟੀ/ਸਮੂਹ ਦਾ ਨਾਂ ਨਹੀਂ ਸੁਣਿਆ। ਇਥੋਂ ਤੱਕ ਕਿ ਉਨ੍ਹਾਂ ਨੇ ਵੀ ਇਸ ਪਾਰਟੀ ਦਾ ਨਾਂ ਨਹੀਂ ਸੁਣਿਆ।''

ਉਨ੍ਹਾਂ ਕਿਹਾ ਕਿ ਸੰਵਿਧਾਨ ਦੀ 10ਵੀਂ ਪੱਟੀ ਵਿੱਚ ਸਪਸ਼ਟ ਹੈ ਕਿ ਜੇ ਕੋਈ ਮੈਂਬਰ ਸਵੈ-ਇੱਛਾ ਨਾਲ ਪਾਰਟੀ 'ਚੋਂ ਆਪਣੀ ਮੈਂਬਰਸ਼ਿਪ ਛੱਡਦਾ ਹੈ ਤਾਂ ਉਹ ਸੰਸਦ ਮੈਂਬਰ ਵਜੋਂ ਅਯੋਗ ਹੋਵੇਗਾ। ਇਸ ਲਈ ਜੇ (ਉਹ) ਕਿਸੇ ਚੋਣ ਨਿਸ਼ਾਨ 'ਤੇ ਚੁਣੇ ਗਏ ਹਨ ਅਤੇ (ਦੋ ਸਾਲਾਂ ਬਾਅਦ) ਦਾਅਵਾ ਕਰ ਰਹੇ ਹਨ ਕਿ ਉਹ ਨਵੀਂ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ, ਤਾਂ ਉਨ੍ਹਾਂ ਦੀ ਮੈਂਬਰਸ਼ਿਪ ਖ਼ਤਮ ਹੋਣੀ ਚਾਹੀਦੀ ਹੈ। ਅਭਿਸ਼ੇਕ ਬੈਨਰਜੀ ਨੇ ਕਿਹਾ ਕਿ ਦੋ-ਤਿਹਾਈ ਮੈਂਬਰਾਂ ਦੇ ਕਿਸੇ ਹੋਰ ਪਾਰਟੀ ਵਿੱਚ ਰਲੇਵੇਂ ਦਾ ਨਿਯਮ ਪੂਰੀ ਪਾਰਟੀ 'ਤੇ ਲਾਗੂ ਹੁੰਦਾ ਹੈ, ਨਾ ਕਿ ਸਿਰਫ਼ ਵਿਧਾਨਕ ਪਾਰਟੀ 'ਤੇ। **-ਪੀਟੀਆਈ**

ਪਾਕਿਸਤਾਨ ਅਤਿਵਾਦ ਨੂੰ ਸਰਪ੍ਰਸਤੀ ਦੇਣ ਵਾਲਾ ਮੁਲਕ: ਭਾਰਤ

ਸੰਯੁਕਤ ਰਾਸ਼ਟਰ, 19 ਜੂਨ

ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਪਾਕਿਸਤਾਨ ਨੂੰ 'ਫਰੌਂਕੇਨਸਟੀਨ ਸਟੇਟ' ਦੱਸ ਕੇ ਭੰਡਿਆ ਹੈ ਜੋ ਉਦੋਂ ਹੱਕਾ-ਬੱਕਾ ਰਹਿ ਜਾਂਦਾ ਹੈ ਜਦੋਂ 'ਇਸ ਦੀ ਸਰਪ੍ਰਸਤੀ ਵਾਲੇ ਦਹਿਸ਼ਤੀ ਸਮੂਹ ਇਸ ਦੇ ਆਪਣੇ ਖ਼ਿਲਾਫ਼ ਹੋ ਜਾਂਦੇ ਹਨ।' ਭਾਰਤ ਨੇ ਇਸਲਾਮਾਬਾਦ ਉੱਤੇ ਦਹਿਸ਼ਤਗਰਦਾਂ ਨੂੰ 'ਸਰਪ੍ਰਸਤੀ ਦੇਣ, ਸਿਖਲਾਈ ਦੇਣ ਤੇ ਤਾਇਨਾਤ ਕਰਨ' ਦਾ ਦੋਸ਼ ਲਾਇਆ ਹੈ। ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਸਥਾਈ ਮਿਸ਼ਨ ਦੀ ਪ੍ਰਥਮ ਸਕੱਤਰ ਅਨੁਪਮਾ ਸਿੰਘ ਨੇ ਉਪਰੋਕਤ ਟਿੱਪਣੀਆਂ ਬੁੱਧਵਾਰ ਨੂੰ ਉਦੋਂ ਕੀਤੀਆਂ ਜਦੋਂ ਪਾਕਿਸਤਾਨ ਤੇ ਇਸਲਾਮੀ ਸਹਿਯੋਗ ਸੰਗਠਨ (ਓ ਆਈ ਸੀ) ਨੇ ਯੂ ਐੱਨ ਹਾਈ ਕਮਿਸ਼ਨਰ ਦੀ ਰੂ-ਬ-ਰੂ ਸੰਵਾਦ ਬਾਰੇ ਸਾਲਾਨਾ ਰਿਪੋਰਟ ਦੌਰਾਨ ਜੰਮੂ ਕਸ਼ਮੀਰ ਦਾ ਮਾਮਲਾ ਚੁੱਕਿਆ। ਸਿੰਘ ਨੇ ਕਿਹਾ, "ਅਸੀਂ ਪਾਕਿਸਤਾਨ ਦੇ ਬੇਬੁਨਿਆਦ ਤੇ ਗ਼ਲਤ ਇਰਾਦੇ ਵਾਲੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਾਲ ਖ਼ਾਰਜ ਕਰਦੇ ਹਾਂ।" **-ਪੀਟੀਆਈ**

ਵਿਦਿਆਰਥੀਆਂ ਤੇ ਜਮਹੂਰੀ ਕਾਰਕੁਨਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਹੋਵੇ: ਜਮਹੂਰੀ ਫਰੰਟ

ਨਿੱਜੀ ਪੱਤਰ ਪ੍ਰੇਰਕ

ਅੰਮ੍ਰਿਤਸਰ, 19 ਜੂਨ

ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ ਕੇ ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਚੰਡੀਗੜ੍ਹ ਨੇ ਬਿਆਨ ਰਾਹੀਂ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਵੱਲੋਂ ਪੁਲੀਸ ਅਤੇ ਸੀ ਆਰ ਪੀ ਐੱਫ ਨੂੰ ਨਾਲ ਲੈ ਕੇ ਰੈਵੋਲਿਊਸ਼ਨਰੀ ਸਟੂਡੈਂਟਸ ਫਰੰਟ (ਆਰ ਐੱਸ ਐੱਫ) ਪੱਛਮੀ ਬੰਗਾਲ ਦੇ ਜਨਰਲ ਸਕੱਤਰ ਤਥਾਗਤ ਰਾਏ ਚੌਧਰੀ, ਫੈਮਿਨਿਸਟਸ ਇਨ ਰਜਿਸਟੈਂਸ ਦੀ ਕਾਰਕੁਨ ਝਿਲਮ ਰਾਏ ਅਤੇ ਸੰਗਰਾਮੀ ਕਿਸਾਨ ਮੰਚ ਦੇ ਕਾਰਕੁਨ ਤੇ ਅਧਿਆਪਕ ਸੁਕੁਮਾਰ ਕਾਇਲ ਦੇ ਘਰ ਛਾਪੇ ਮਾਰਨ, ਲੋਕ ਪੱਖੀ ਸਾਹਿਤ ਕਬਜ਼ੇ ਵਿਚ ਲੈਣ ਅਤੇ ਤਥਾਗਤ ਨੂੰ ਝਾਰਖੰਡ ਵਿਚ ਪੁੱਛਗਿੱਛ ਲਈ ਹਾਜ਼ਰ ਹੋਣ ਦਾ ਹੁਕਮ ਸੁਣਾਉਣ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ।

ਕਾਰਕੁਨਾਂ ਦੇ ਟਿਕਾਣਿਆਂ 'ਤੇ ਐੱਨ ਆਈ ਏ ਦੇ ਛਾਪਿਆਂ ਦੀ ਨਿਖੇਧੀ

ਸੂਬਾ ਕਮੇਟੀ ਆਗੂਆਂ ਯਸ਼ਪਾਲ ਝਬਾਲ, ਐਡਵੋਕੇਟ ਅਮਰਜੀਤ ਬਾਈ ਅਤੇ ਸੁਮੀਤ ਅੰਮ੍ਰਿਤਸਰ